**ਚਾਰਨਵੁਡ ਬਰੋ ਕੌਂਸਲ ਬਾਰੇ...**

ਚਾਰਨਵੁਡ ਸੁਹਾਵਣੇ ਦਿਹਾਤੀ ਪਿੰਡਾਂ ਅਤੇ ਇਕ ਰੌਣਕੀਲੇ ਯੂਨੀਵਰਸਿਟੀ ਨਗਰ ਦਾ ਇਕ ਮਿਲਿਆ ਜੁਲਿਆ ਦਿਲਖਿਚਵਾਂ ਰੂਪ ਹੈ।

153,000 ਤੋਂ ਵਧ ਵਸੋਂ ਵਾਲਾ ਇਹ ਬਰੋ ਇੰਗਲੈਂਡ ਦੇ ਸਭ ਤੋਂ ਵਡੇ ਜ਼ਿਲ੍ਹਿਆਂ ਵਿਚੋਂ ਇਕ ਹੈ। ਇਹ ਨਾਟਿੰਘਮ, ਲੈਸਟਰ ਅਤੇ ਡਰਬੀ ਦੀ ਬਣੀ ਤਿਕੋਣ ਦੇ ਵਿਚਕਾਰ ਕਰ ਕੇ ਹੈ।

ਸਥਾਨਕ ਕੌਂਸਲ ਚਾਰਨਵੁਡ ਬਰੋ ਕੌਂਸਲ ਹੈ ਅਤੇ ਅਸੀਂ ਹੇਠ ਲਿਖੀਆਂ ਗਲਾਂ ਲਈ ਜ਼ਿਮੇਵਾਰ ਹਾਂ:

- ਕੂੜਾ ਕਚਰਾ ਚੁਕਣਾ ਅਤੇ ਉਸਨੂੰ ਰੀਸਾਈਕਲ ਕਰਨਾ
- ਗਲੀਆਂ ਦੀ ਸਫ਼ਾਈ
- ਚੁਗਿਰਦੇ ਨਾਲ ਸੰਬੰਧਤ ਸਿਹਤ (ਕੀੜੇ ਪਤੰਗੇ 'ਤੇ ਕੰਟਰੋਲ, ਆਵਾਰਾ ਕੁੱਤੇ, ਖਾਧ ਖ਼ੁਰਾਕ ਸੁਰੱਖਿਅਤਾ, ਚੁਗਿਰਦੇ ਦੀ ਹਿਫ਼ਾਜ਼ਤ, ਲਾਇਸੈਂਸਿੰਗ, ਸਿਹਤ ਅਤੇ ਸੁਰੱਖਿਆ)
- ਖੇਡਾਂ ਅਤੇ ਵਿਹਲੇ ਸਮੇਂ ਦੀਆਂ ਸਹੂਲਤਾਂ (ਵਿਹਲੇ ਸਮੇਂ ਵਿੱਚ ਮਨੋਰੰਜਨ ਦੇ ਸੈਂਟਰ, ਪਾਰਕਾਂ ਅਤੇ ਖੇਡ ਦੇ ਮੈਦਾਨ)
- ਕਲਾ ਅਤੇ ਸਭਿਆਚਾਰ (ਮਿਊਜ਼ਿਅਮ, ਟਾਊਨ ਹਾਲ, ਦਿਹਾਤੀ ਦੌਰੇ)
- ਹਾਊਸਿੰਗ (ਰਿਹਾਇਸ਼ ਅਸਥਾਨ)
- ਟਾਊਨ ਅਤੇ ਕੰਟਰੀ ਪਲਾਨਿੰਗ ਅਤੇ ਬਿਲਡਿੰਗ ਕੰਟਰੋਲ
- ਨਵੇਂ ਕਾਰੋਬਾਰਾਂ ਲਈ ਸਮਰਥਨ ਅਤੇ ਨਵਾਂ ਪ੍ਰਚੂਨ ਵਿਕਾਸ

ਸੜਕਾਂ, ਸਮਾਜਕ ਸੇਵਾਵਾਂ, ਸਕੂਲ ਅਤੇ ਪੁਲੀਸ – ਸਭ ਦਾ ਪ੍ਰਬੰਧ ਲੈਸਟਰਸ਼ਾਇਰ ਕਾਉਂਟੀ ਕੌਂਸਲ ਵਲੋਂ ਕੀਤਾ ਜਾਂਦਾ ਹੈ (ਐਡਵਾਈਸ ਸ਼ਾਪ ਨੰਬਰ ਇਸ ਥਾਂ 'ਤੇ)

**ਸਾਡੀ ਦੁਭਾਸ਼ੀਆ ਸੇਵਾ ਦੀ ਵਰਤੋਂ**

ਅਸੀਂ ਆਪਣੀਆਂ ਸੇਵਾਵਾਂ ਹਰ ਕਿਸੇ ਲਈ ਪਹੁੰਚਯੋਗ ਬਣਾਉਣਾ ਚਾਹੁੰਦੇ ਹਾਂ, ਜੋ ਚਾਰਨਵੁਡ ਵਿੱਚ ਰਹਿੰਦਾ ਅਤੇ ਕੰਮ ਕਰਦਾ ਹੈ। ਅਸੀਂ ਜਾਣਦੇ ਹਾਂ ਕਿ ਅੰਗਰੇਜ਼ੀ ਹਰ ਇਕ ਦੀ ਪਹਿਲੀ ਭਾਸ਼ਾ ਨਹੀਂ ਅਤੇ ਇਸ ਲਈ ਅਸੀਂ ਤੁਹਾਡੀਆਂ ਲੋੜਾਂ ਪੂਰੀਆਂ ਕਰਨ ਲਈ ਕਈ ਤਰ੍ਹਾਂ ਦੀਆਂ ਦੁਭਾਸ਼ੀਆ ਅਤੇ ਅਨੁਵਾਦ ਦੀਆਂ ਸਹੂਲਤਾਂ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦੇ ਹਾਂ।

<u>ਫ਼ੋਨ 'ਤੇ</u>

ਜੇਕਰ ਤੁਸੀਂ ਕੌਂਸਲ ਨਾਲ ਸੰਪਰਕ ਕਰਨਾ ਚਾਹੁੰਦੇ ਹੋ ਅਤੇ ਤੁਹਾਡੀ ਪਹਿਲੀ ਭਾਸ਼ਾ ਅੰਗਰੇਜ਼ੀ ਨਹੀਂ, ਤਾਂ ਅਸੀਂ ਫ਼ੋਨ 'ਤੇ ਤੁਹਾਨੂੰ ਇਕ ਦੁਭਾਸ਼ੀਆ ਉਪਲਬਧ ਕਰਾਵਾਂਗੇ। ਕੌਂਸਲ 'ਲੈਂਗੁਇਜ ਲਾਈਨ' ਦੀਆਂ ਸੇਵਾਵਾਂ ਦੀ ਵਰਤੋਂ ਕਰਦੀ ਹੈ, ਜੋ ਇਕ ਤੁਰੰਤ ਟੈਲੀਫ਼ੋਨ ਦੁਭਾਸ਼ੀਆ ਸਰਵਿਸ ਹੈ।

ਇਸ ਸਰਵਿਸ ਦੀ ਵਰਤੋਂ ਕਰਨ ਲਈ 01509 634560 'ਤੇ ਫ਼ੋਨ ਕਰੋ। ਕਸਟਮਰ ਸਰਵਿਸ ਐਡਵਾਈਜ਼ਰ ਨਾਲ ਤੁਹਾਡਾ ਕੁਨੈਕਸ਼ਨ ਹੋ ਜਾਣ 'ਤੇ, ਉਹ ਤੁਹਾਨੂੰ ਹੇਠ ਲਿਖੀਆਂ ਗਲਾਂ ਪੁਛਣਗੇ...

- ਤੁਹਾਡਾ ਟੈਲੀਫ਼ੋਨ ਨੰਬਰ
- ਤੁਸੀਂ ਜਿਸ ਭਾਸ਼ਾ ਨੂੰ ਤਰਜੀਹ ਦਿੰਦੇ ਹੋ
- ਤੁਹਾਡਾ ਨਾਂਅ
- ਅਤੇ ਜੇ ਸੰਭਵ ਹੋਵੇ ਤਾਂ ਤੁਹਾਡੀ ਪੁਛ ਕਿਸ ਕਿਸਮ ਦੀ ਹੈ, ਉਸ ਬਾਰੇ ਜਿਵੇਂ ਕਿ ਰਿਹਾਇਸ਼, ਪਲਾਨਿੰਗ, ਬੈਨਿਫ਼ਿਟ ਆਦਿ।

ਫਿਰ ਇਕ ਦੁਭਾਸ਼ੀਆ ਤੁਹਾਨੂੰ ਫ਼ੋਨ ਕਰੇਗਾ ਅਤੇ ਤੁਹਾਡੀ ਪੁਛ ਦਾ ਵਧੇਰੇ ਵਿਸਥਾਰ ਨਾਲ ਅਨੁਵਾਦ ਕਰਨਾ ਸ਼ੁਰੂ ਕਰੇਗਾ। ਕਸਟਮਰ ਸੇਵਾ ਸਲਾਹਕਾਰ ਜਿਨਾਂ ਵਧ ਤੋਂ ਵਧ ਹੋ ਸਕਿਆ, ਤੁਹਾਡੀ ਪੁਛ ਨਾਲ ਨਜਿੱਠਣ ਦਾ ਜਤਨ ਕਰੇਗਾ, ਪਰ ਹੋ ਸਕਦਾ ਹੈ ਕਿ ਸਟਾਫ਼ ਦੇ ਇਕ ਢੁਕਵੇਂ ਮੈਂਬਰ ਨਾਲ ਇਕ ਵਖਰੀ ਐਪੁਆਇੰਟਮੈਂਟ ਅਤੇ ਆਮੋ ਸਾਹਮਣੇ ਇਕ ਦੁਭਾਸ਼ੀਏ ਦਾ ਪ੍ਰਬੰਧ ਕਰਨਾ ਪਵੇ, ਪਰ ਇਹ ਇਸ ਗਲ 'ਤੇ ਨਿਰਭਰ ਕਰੇਗਾ ਕਿ ਤੁਹਾਡੀ ਪੁਛ ਕਿਨੀਂ ਪੇਚੀਦਾ ਹੈ।

## ਕੌਂਸਲ ਵਲ ਫੇਰੀ

ਸਾਡੇ ਕੋਲ ਕਈ ਦੁਭਾਸ਼ੀਏ ਹਨ, ਜਿਹੜੇ ਮੌਕੇ 'ਤੇ ਅਨੁਵਾਦ ਕਰਨ ਲਈ ਉਪਲਬਧ ਹਨ। ਜਦੋਂ ਅਸੀਂ ਤੁਹਾਡੀ ਭਾਸ਼ਾ ਲਈ ਦੁਭਾਸ਼ੀਆ ਉਪਲਬਧ ਨਹੀਂ ਕਰਾ ਸਕਦੇ ਜਾਂ ਜੇਕਰ ਮੁਲਾਕਾਤ ਗੁੰਝਲਦਾਰ ਜਾਂ ਲੰਮੀ ਹੈ, ਤਾਂ ਸਾਨੂੰ ਪੈਸੇ ਦੇ ਕੇ ਕਿਸੇ ਹੋਰ ਏਜੰਸੀ ਕੋਲੋਂ ਵਿਵਸਾਇਕ ਦੁਭਾਸ਼ੀਆ ਮੰਗਵਾਉਣਾ ਪੈ ਸਕਦਾ ਹੈ। ਇਹ ਦੁਭਾਸ਼ੀਆ ਉਸ ਅਫ਼ਸਰ ਵਲੋਂ ਮੰਗਵਾਇਆ ਜਾਵੇਗਾ, ਜਿਸ ਨਾਲ ਤੁਹਾਡੀ ਐਪੁਆਇੰਟਮੈਂਟ ਹੈ। ਵਿਕਲਪਿਕ ਤੌਰ 'ਤੇ ਕੌਂਸਲ, ਕਸਟਮਰ ਸਰਵਿਸ ਸੈਂਟਰ ਦੀ ਭਾਸ਼ਾ ਲਾਈਨ ਸਹੂਲਤ ਤਕ ਪਹੁੰਚ ਕਰ ਸਕਦੀ ਹੈ, ਜੋ ਮੁਖ ਰਿਸੈਪਸ਼ਨ 'ਤੇ ਉਨ੍ਹਾਂ ਵਿਅਕਤੀਆਂ ਲਈ ਹੈ, ਜਿਨ੍ਹਾਂ ਨੂੰ ਆਪਣੀ ਪੁਛ ਕਰਨ ਵਿੱਚ ਮਦਦ ਲਈ ਇਕ ਦੁਭਾਸ਼ੀਏ ਦੀ ਜ਼ਰੂਰਤ ਹੁੰਦੀ ਹੈ।

## ਕੌਂਸਲ ਦੇ ਦਸਤਾਵੇਜ਼ਾਂ ਦਾ ਅਨੁਵਾਦ

ਅਸੀਂ ਸਭ ਪ੍ਰਕਾਸ਼ਨਾਵਾਂ ਦੇ ਅਨੁਵਾਦ ਲਈ, ਲਿਖਤੀ ਅਤੇ ਆਡਿਓ ਟੇਪਾਂ ਦੇ ਅਨੁਵਾਦ ਦੀ ਸਹੂਲਤ ਪ੍ਰਦਾਨ ਕਰਦੇ ਹਾਂ। ਕਿਸੇ ਵਿਕਲਪਕ ਭਾਸ਼ਾ ਵਿੱਚ ਕੌਂਸਲ ਦਾ ਕੋਈ ਦਸਤਾਵੇਜ਼ ਪ੍ਰਾਪਤ ਕਰਨ ਲਈ, ਕਿਰਪਾ ਕਰਕੇ 01509 634560 'ਤੇ ਫ਼ੋਨ ਕਰੋ।

ਹੋਰ ਜਾਣਕਾਰੀ ਲਈ ਕਿਰਪਾ ਕਰਕੇ 01509 634560 ਨੰਬਰ 'ਤੇ ਫ਼ੋਨ ਕਰੋ ਅਤੇ ਕਸਟਮਰ ਸਰਵਿਸ ਐਡਵਾਈਜ਼ਰ ਨੂੰ ਆਪਣਾ ਟੈਲੀਫ਼ੋਨ ਨੰਬਰ ਅਤੇ ਉਹ ਭਾਸ਼ਾ ਦਸਣ ਲਈ ਤਿਆਰ ਰਹੋ, ਜਿਸ ਵਿੱਚ ਤੁਸੀਂ ਗਲ ਕਰਨਾ ਚਾਹੁੰਦੇ ਹੋ।